# ਮੰਗ ਕਰੋ ਕਿ ਤੁਹਾਡੇ ਬੱਚੇ ਨੂੰ ਐੱਫ ਐੱਸ ਏ ਤੋਂ ਬਾਹਰ ਰੱਖਿਆ ਜਾਵੇ

British Columbia Teachers' Federation | 100–550 West 6th Avenue, Vancouver, BC  V5Z 4P2

BCTF Kids Matter Teachers Care

ਪਿਆਰੇ ਮਾਪਿਓ,

ਬਹੁਤ ਸਾਰੇ ਸਾਲ, ਬੀ ਸੀ ਦੇ ਟੀਚਰਾਂ ਨੇ ਸਾਡੇ ਪੜ੍ਹਾਈ ਦੇ ਸਰਕਾਰੀ ਸਿਸਟਮ ਦੀ ਅਸੈੱਸਮੈਂਟ ਕਰਨ ਦੇ ਤਰੀਕੇ ਲੱਭਣ ਲਈ ਵਿਦਿਅਕ ਭਾਈਵਾਲਾਂ ਨਾਲ ਰਲ ਕੇ ਕੰਮ ਕੀਤਾ ਹੈ, ਜਿਨ੍ਹਾਂ ਤਰੀਕਿਆਂ ਵਿਚ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਸ਼ਾਮਲ ਨਹੀਂ ਹੈ।

ਗਰੇਡ 4 ਅਤੇ 7 ਦੇ ਵਿਦਿਆਰਥੀਆਂ ਲਈ ਸਰਕਾਰ ਵਲੋਂ ਇਹ ਲਾਜ਼ਮੀ ਟੈੱਸਟ ਅਜੇ ਵੀ ਇਸ ਸਕੂਲ ਸਾਲ ਵਿਚ ਹੋਣਗੇ। ਟੀਚਰ ਤੁਹਾਨੂੰ ਇਹ ਬੇਨਤੀ ਕਰਨ ਲਈ ਕਹਿ ਰਹੇ ਹਨ ਕਿ ਤੁਹਾਡੇ ਬੱਚਿਆਂ ਨੂੰ ਛੋਟਾਂ ਦੇ ਸਬੰਧ ਵਿਚ ਮਨਿਸਟਰੀ ਔਫ ਐਜੂਕੇਸ਼ਨ ਐਂਡ ਚਾਇਲਡ ਕੇਅਰ ਦੀਆਂ ਗਾਈਡਲਾਈਨਾਂ ਦੇ ਮੁਤਾਬਕ ਇਨ੍ਹਾਂ ਟੈੱਸਟਾਂ ਤੋਂ ਬਾਹਰ ਰੱਖਿਆ ਜਾਵੇ।

ਟੀਚਰ ਇਹ ਯਕੀਨ ਕਰਦੇ ਹਨ ਕਿ ਭਰੋਸੇਯੋਗ ਅਤੇ ਲਾਹੇਵੰਦ ਅਸੈੱਸਮੈਂਟ ਲਾਜ਼ਮੀ ਅਤੇ ਸਟੈਂਡਰਡਾਈਜ਼ਡ ਟੈੱਸਟਾਂ ਦੇ ਰੂਪ ਵਿਚ ਨਹੀਂ ਹੁੰਦੀ, ਕਿਉਂਕਿ ਉਹ ਵਿਦਿਆਰਥੀ ਦੀ ਤਰੱਕੀ ਦੀ ਅਰਥਪੂਰਨ ਤਸਵੀਰ ਨਹੀਂ ਫੜਦੇ।

ਐੱਫ ਐੱਸ ਏ ਟੈੱਸਟ ਤੁਹਾਡੇ ਬੱਚਿਆਂ ਦੇ ਨੰਬਰਾਂ ਵਿਚ ਨਹੀਂ ਗਿਣੇ ਜਾਂਦੇ ਅਤੇ ਉਹ ਵਿਦਿਆਰਥੀਆਂ ਦੀ ਸਿੱਖਣ ਵਿਚ ਜਾਂ ਟੀਚਰਾਂ ਦੀ ਪੜ੍ਹਾਉਣ ਵਿਚ ਮਦਦ ਨਹੀਂ ਕਰਦੇ। ਟੀਚਰ ਇਹ ਯਕੀਨ ਨਹੀਂ ਕਰਦੇ ਕਿ ਐੱਫ ਐੱਸ ਏ ਕਿਸੇ ਵਿਦਿਆਰਥੀ ਦੀ ਤਰੱਕੀ ਦਾ ਪਤਾ ਲਾਉਣ ਲਈ ਕੋਈ ਭਰੋਸੇਯੋਗ ਤਰੀਕਾ ਹੈ।

ਟੀਚਰ ਇਨ੍ਹਾਂ ਟੈੱਸਟਾਂ ਦੇ ਡੈਟੇ ਦੀ ਦੁਰਵਰਤੋਂ ਬਾਰੇ ਫਿਕਰਮੰਦ ਹਨ। ਐੱਸ ਐੱਸ ਏ ਦੇ ਡੈਟੇ ਦਾ ਨਤੀਜਾ ਬਹੁਤ ਘੱਟ ਸਾਡੇ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਿਆਦਾ ਫੰਡਾਂ ਅਤੇ ਵਸੀਲਿਆਂ ਵਿਚ ਨਿਕਲਦਾ ਹੈ। ਇਸ ਤੋਂ ਇਲਾਵਾ, ਫਰੇਜ਼ਰ ਇੰਸਟੀਚਿਊਟ ਨੇ ਡੈਟੇ ਦੀ ਵਰਤੋਂ ਨਾਵਾਜਬ ਅਤੇ ਗਲਤ ਤੌਰ 'ਤੇ ਸਕੂਲਾਂ ਨੂੰ ਦਰਜਾ ਦੇਣ ਲਈ ਕੀਤੀ ਹੈ।


iStock

ਸਾਡਾ ਯਕੀਨ ਹੈ ਕਿ ਜਿਹੜੇ ਮਾਪੇ ਇਹ ਕਹਿਣ ਲਈ ਜਾਣਕਾਰੀ ਲੈ ਕੇ ਫੈਸਲਾ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਟੈੱਸਟ ਨਾ ਲਿਖਣ, ਉਨ੍ਹਾਂ ਦੀਆਂ ਇੱਛਾਵਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।

ਤੁਹਾਡੇ ਬੱਚਿਆਂ ਦੀ ਤਰੱਕੀ ਬਾਰੇ ਜਾਣਕਾਰੀ ਦਾ ਸਭ ਤੋਂ ਬਿਹਤਰ ਵਸੀਲਾ ਉਸ ਦੀ ਕਲਾਸ ਦੇ ਟੀਚਰ ਹਨ। ਆਪਣੇ ਸਵਾਲਾਂ ਜਾਂ ਫਿਕਰਾਂ ਬਾਰੇ ਕਿਸੇ ਵੀ ਵੇਲੇ ਗੱਲ ਕਰਨ ਲਈ ਮੌਕੇ ਦਾ ਫਾਇਦਾ ਲਉ। ਤੁਹਾਡੇ ਬੱਚਿਆਂ ਦੇ ਟੀਚਰਾਂ ਨੂੰ ਮਦਦ ਕਰਕੇ ਖੁਸ਼ੀ ਹੋਵੇਗੀ।

ਕਲਿੰਟ ਜੌਹਨਸਟਨ, ਪ੍ਰੈਜ਼ੀਡੈਂਟ

**ਕਿਰਪਾ ਕਰਕੇ ਅੱਗੇ ਲਿਖੇ ਨੂੰ ਕੱਟੋ ਅਤੇ ਇਸ ਪੱਤਰ ਦੀ ਵਰਤੋਂ ਇਹ ਕਹਿਣ ਲਈ ਕਰੋ ਕਿ ਤੁਹਾਡੇ ਗਰੇਡ 4 ਜਾਂ 7 ਦੇ ਬੱਚੇ ਨੂੰ 2023 ਵਿਚ ਹੋਣ ਵਾਲੇ ਐੱਫ ਐੱਸ ਏ ਟੈੱਸਟਾਂ ਤੋਂ ਬਾਹਰ ਰੱਖਿਆ ਜਾਵੇ।**

ਪਿਆਰੇ ਪ੍ਰਿੰਸੀਪਲ,

ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਛੋਟਾਂ ਦੇ ਸਬੰਧ ਵਿਚ ਮਨਿਸਟਰੀ ਔਫ ਐਜੂਕੇਸ਼ਨ ਦੀਆਂ ਗਾਈਡਲਾਈਨਾਂ ਦੇ ਮੁਤਾਬਕ, ਪ੍ਰਬੰਧਕ ਕਿਸੇ ਵਿਦਿਆਰਥੀ ਨੂੰ ਪਰਿਵਾਰਕ ਐਮਰਜੰਸੀ, ਲੰਬੀ ਬੀਮਾਰੀ, ਜਾਂ ਹੋਰ ਵਾਜਬ ਹਾਲਤਾਂ ਕਰਕੇ ਛੋਟ ਦੇ ਸਕਦੇ ਹਨ।

ਕਿਰਪਾ ਕਰਕੇ ਮੇਰੇ ਬੱਚੇ ________________________________________ ਨੂੰ ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਟੈੱਸਟਾਂ ਤੋਂ ਛੋਟ ਦਿੱਤੀ ਜਾਵੇ।

ਮੇਰੀ ਬੇਨਤੀ ਦਾ ਆਦਰ ਕਰਨ ਲਈ ਤੁਹਾਡਾ ਧੰਨਵਾਦ।

ਤਹਿ ਦਿਲੋਂ,

________________________________________

ਮਾਪੇ/ਗਾਰਡੀਅਨ ਦੇ ਦਸਖਤ

TFEU

[Punjabi] Revised August 2023